## PUNABI SAHIT (Elective)-A

**(Semester-I)**

Time : Three Hours] [Maximum Marks : 75

### ਭਾਗ–ੳ

I. ਕਿਸੇ ਇਕ ਕਵਿਤਾ ਦਾ ਵਿਸ਼ਾ ਲਿਖੋ :

(1) ਜਵਾਨ ਪੰਜਾਬ ਦੇ (2) ਚੀਕ ਬੁਲਬਲੀ

(3) ਕੰਡਿਆਈ ਥੋਰ੍ਹ। 10

II. ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(1) ਰੋਜ਼ ਉਸਦਾ ਹਾਰ ਟੁੱਟ ਜਾਇਆ ਕਰੇ
ਮੁਸਕ੍ਰਾਂਦੀ ਆ ਕੇ ਬਣਵਾਇਆ ਕਰੇ।
ਮੇਰੇ ਪੁੱਛਣ ਤੇ ਕਿ ਟੁੱਟਾ ਕਿਸ ਤਰ੍ਹਾਂ
ਪਾ ਕੇ ਵਲ ਗਰਦਨ ਨੂੰ ਸ਼ਰਮਾਇਆ ਕਰੇ।

(2) ਪਰਿੰਦੇ ਜਾਣ ਹੁਣ ਕਿੱਥੇ?
ਤੁਸਾਂ ਤਾਂ ਆਲਣੇ ਸਭ ਸਾੜ ਨੇ ਦਿੱਤੇ।
ਜਿਗਰ ਪਾਟਾ ਕਿਸੇ ਦੀ ਅੱਖ ਗੁਆਚੀ
ਕਿਸੇ ਦੇ ਕਰ ਕਿਸੇ ਦੇ ਪਰ ਸੜੇ ਨੇ।

(3) ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ। 5

III. ਕੋਈ ਇਕ ਪ੍ਰਸ਼ਨ ਕਰੋ :

(1) 'ਲੰਘ ਗਏ ਦਰਿਆ' ਦਾ ਵਿਸ਼ਾ ਵਸਤੂ ਬਿਆਨ ਕਰੋ।

(2) 'ਲੰਘ ਗਏ ਦਰਿਆ' ਦਾ ਕਥਾਨਕ ਬਿਆਨ ਕਰੋ।

(3) ਗੁਰਬਖਸ਼ੀਸ ਤੇ ਛੋਟੀ ਸਰਦਾਰਨੀ ਦੇ ਪਾਤਰਾਂ ਦਾ ਚਿਤਰਣ ਕਰੋ। 10

### ਭਾਗ–ਅ

IV. ਕਿਸੇ ਇਕ ਕਾਵਿ ਰੂਪ ਦੀ ਪਰਿਭਾਸ਼ਾ ਤੇ ਪ੍ਰਕਿਰਤੀ ਤੇ ਨੋਟ ਲਿਖੋ :
ਗੀਤ / ਗ਼ਜ਼ਲ / ਖੁੱਲ੍ਹੀ ਕਵਿਤਾ 10

V. ਕਿਸੇ ਇਕ ਸਾਹਿਤ ਰੂਪ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤਾਂ ਬਾਰੇ ਲਿਖੋ :
ਕਹਾਣੀ / ਨਾਵਲ / ਇਕਾਂਗੀ 10

### ਭਾਗ–ੲ

ਸੰਖੇਪ ਉੱਤਰ ਦਿਓ :

(1) 'ਕੰਬਦੀ ਕਲਾਈ' ਕਵਿਤਾ ਦਾ ਵਿਸ਼ਾ ਕੀ ਹੈ?

(2) 'ਕੋਈ ਡਾਲੀਆਂ ਚੋਂ ਲੰਘਿਆ' ਕਵਿਤਾ ਦਾ ਸ਼ੇਅਰ ਪੂਰਾ ਕਰਕੇ ਲਿਖੋ।

(3) 'ਤਾਜ ਮਹੱਲ' ਬਾਰੇ ਕਵੀ ਕੀ ਨਜ਼ਰੀਆ ਪੇਸ਼ ਕਰਦਾ ਹੈ?

(4) 'ਜਾਇਦਾਦ' ਵਿਚ ਜਾਇਦਾਦ ਕਿਸ ਨੂੰ ਕਿਹਾ ਗਿਆ ਹੈ?

www.questionpaperesult.com

Scanned by CamScanner

(5) 'ਰੁੱਖ' ਕਵਿਤਾ ਦੀਆਂ ਕੋਈ ਦੋ ਸਤਰਾਂ ਲਿਖੋ।
(6) ਕਾਲੀ ਦੇਵੀ ਦਾ ਮੰਦਰ ਪਟਿਆਲਾ ਵਿਚ ਉਸਾਰਨ ਦਾ 'ਲੰਘ ਗਏ ਦਰਿਆ' ਵਿਚ ਕੀ ਕਾਰਨ ਦੱਸਿਆ ਗਿਆ ਹੈ?
(7) 'ਸੱਪ ਲੜਾਉਣ' ਵਾਲੇ ਵਜ਼ੀਰ ਬਾਰੇ ਕੀ ਜਾਣਦੇ ਹੋ?
(8) 'ਲੰਘ ਗਏ ਦਰਿਆ' ਵਿਚ ਪੁਰਾਣੇ ਪਟਿਆਲੇ ਦੀ ਕਿਹੋ ਜਿਹੀ ਤਸਵੀਰ ਉਭਰਦੀ ਹੈ?
(9) 'ਲੰਘ ਗਏ ਦਰਿਆ' ਸਿਰਲੇਖ ਤੋਂ ਕੀ ਭਾਵ ਹੈ?
(10) 'ਲੰਘ ਗਏ ਦਰਿਆ' ਦੀ ਲੇਖਿਕਾ ਦਾ ਨਾਮ ਦੱਸਦੇ ਹੋਏ ਉਸਦੇ ਇਕ ਹੋਰ ਨਾਵਲ ਦਾ ਨਾਮ ਲਿਖੋ।
(11) 'ਨਜ਼ਮ' ਕੀ ਹੁੰਦੀ ਹੈ? ਸੰਖੇਪ ਵਿਚ ਲਿਖੋ।
(12) 'ਰੁਬਾਈ' ਬਾਰੇ ਸੰਖੇਪ ਜਾਣਕਾਰੀ ਦਿਓ।
(13) ਨਾਵਲ ਕਿਸ ਯੁੱਗ ਵਿਚ ਪੈਦ ਇਆ?
(14) ਛੰਦ ਬੱਧ ਕਵਿਤਾ ਕਿਹੜੀ ਕਵਿਤਾ ਨੂੰ ਕਿਹਾ ਜਾਂਦਾ ਹੈ?
(15) 'ਸੁਖਨ ਦੇ ਸੂਰਜ' ਵਿਚੋਂ ਤੁਹਾਨੂੰ ਕਿਹੜੀ ਕਵਿਤਾ ਸਭ ਤੋਂ ਵੱਧ ਪਸੰਦ ਹੈ ਅਤੇ ਕਿਉਂ? (15×2=30)

www.questionpaperesult.com

Scanned by CamScanner